# ਜਗ ਬਾਣੀ

SATURDAY, 19 FEBRUARY 2022


# ਆਖਿਰ ਸਾਡਾ ਨੇਤਾ ਕਿਹੋ ਜਿਹਾ ਹੋਵੇ...

*ਕਰਨਾ ਹੈ ਅਗਰ ਅਪਨੀ ਖ਼ੁਸ਼ਹਾਲੀ ਕਾ ਬਚਾਵ।*
*ਤੋ ਇਸ ਬਾਰ ਕਰੋ ਇਮਾਨਦਾਰ ਨੇਤਾ ਕਾ ਚੁਨਾਵ।।*

**ਮੌਜੂਦਾ** ਸਮੇਂ ਦੀਆਂ ਵਿਧਾਨ ਸਭਾ ਚੋਣਾਂ ਦੇ ਦੌਰ 'ਚ ਸਾਰੇ ਚੋਣ ਸੂਬਿਆਂ 'ਚ ਬੜੀ ਧੂਮ-ਧਾਮ ਨਾਲ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ-ਪ੍ਰਸਾਰ ਚੱਲ ਰਿਹਾ ਹੈ। ਵਿਕਾਸ ਨਾਲ ਜੁੜੇ ਕਈ ਤਰ੍ਹਾਂ ਦੇ ਐਲਾਨ ਪੱਤਰਾਂ ਦਾ ਵਾਅਦਾ ਵੀ ਚੰਗੀ ਤਰ੍ਹਾਂ ਹੋ ਰਿਹਾ ਹੈ। ਸਾਰੀਆਂ ਪਾਰਟੀਆਂ ਦੇ ਉਮੀਦਵਾਰ ਆਪਣੀ-ਆਪਣੀ ਪਾਰਟੀ ਨੂੰ ਵਧੀਆ ਸੇਵਾਦਾਰ ਸਾਬਤ ਕਰਨ ਦੀ ਆੜ 'ਚ ਬੜੀ ਗੰਭੀਰਤਾ ਨਾਲ ਕਈ ਤਰ੍ਹਾਂ ਦੇ ਐਲਾਨ ਵੀ ਕਰ ਰਹੇ ਹਨ।

ਇਨ੍ਹਾਂ ਉਮੀਦਵਾਰਾਂ ਦੇ ਪੱਤਰ ਵਾਚਨ ਸੁਣਨ ਦੀ ਇੱਛਾ ਨਾਲ ਲੋਕਾਂ ਦੀ ਵੱਡੀ ਭੀੜ ਵੀ ਕਾਫੀ ਗਿਣਤੀ 'ਚ ਉਮੜ ਰਹੀ ਹੈ ਪਰ ਮੁਫਤ ਸਿੱਖਿਆ ਸਮੇਤ ਕਈ ਤਰ੍ਹਾਂ ਦੇ ਇਨ੍ਹਾਂ ਮੁਫਤਨਾਮਾ ਐਲਾਨਾਂ ਤੋਂ ਕੀ ਸੱਚਮੁੱਚ ਹਲਕੇ ਦਾ ਨਕਸ਼ਾ ਬਦਲ ਜਾਵੇਗਾ?

ਹਾਲਾਂਕਿ ਮੁਫਤ ਦੀਆਂ ਯੋਜਨਾਵਾਂ ਵੰਡਣ ਵਾਲੀਆਂ ਸਿਆਸੀ ਪਾਰਟੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਕੋਲੋਂ 4 ਹਫਤੇ 'ਚ ਉਸ ਰਿੱਟ 'ਤੇ ਜਵਾਬ ਮੰਗਿਆ ਹੈ, ਜਿਸ 'ਚ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਆਮ ਜਨਤਾ ਨੂੰ ਭਰਮਾਉਣ ਲਈ ਸਰਕਾਰੀ ਖਜ਼ਾਨੇ 'ਚੋਂ ਮੁਫਤ ਤੋਹਫੇ ਅਤੇ ਨਕਦੀ ਦੇ ਐਲਾਨ ਸ਼ਾਮਲ ਹਨ। ਦੇਸ਼ 'ਚ ਹਰ ਚੋਣ ਦੌਰ 'ਚ ਇਸ ਤਰ੍ਹਾਂ ਦੇ ਐਲਾਨਾਂ ਦਾ ਹੋਣਾ ਗੈਰ-ਸੰਵਿਧਾਨਕ ਹੈ, ਜਿਸ ਕਾਰਨ ਅਦਾਲਤ ਨੇ ਇਸ ਨੂੰ ਬੇਹੱਦ ਗੰਭੀਰ ਮੁੱਦਾ ਮੰਨਿਆ ਹੈ। ਇਨ੍ਹਾਂ ਐਲਾਨਾਂ ਤੋਂ ਨਾ ਸਿਰਫ ਦੇਸ਼ ਦਾ ਸੰਵਿਧਾਨਕ ਢਾਂਚਾ ਡਾਵਾਂਡੋਲ ਹੋਣ ਲੱਗਦਾ ਹੈ, ਸਗੋਂ ਮੁੱਢਲੇ ਵਿਕਾਸ ਨੂੰ ਕਿਨਾਰੇ ਕਰ ਦਿੱਤਾ ਜਾਂਦਾ ਹੈ।

ਸੂਬਾ ਸਰਕਾਰਾਂ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ ਇਹ ਹੈ ਕਿ ਉਹ ਜਨਤਾ ਨੂੰ ਚੰਗੀਆਂ ਸਹੂਲਤਾਂ ਦੇ ਕੇ ਸੂਬੇ ਦੇ ਸਾਰੇ ਲੋੜਵੰਦ ਸਹੂਲਤਾਂ ਨੂੰ ਵਿਕਸਤ ਕਰਨ, ਜਿਨ੍ਹਾਂ 'ਚ ਸਿੱਖਿਆ, ਸਿਹਤ, ਸਾਫ ਪੀਣ ਵਾਲਾ ਪਾਣੀ ਅਤੇ ਸਵਾਈ ਮੁਹਿੰਮ ਆਦਿ ਸ਼ਾਮਲ ਹਨ। ਅੰਕੜਿਆਂ ਦੀ ਮੰਨੀਏ ਤਾਂ ਸਾਰੇ ਚੋਣਾਂ ਵਾਲੇ ਸੂਬੇ 'ਚ ਚੋਣਾਂ ਦਾ ਰੌਲਾ ਤਾਂ ਸਭ ਤੋਂ ਵੱਧ



**ਪ੍ਰਿੰ. ਡਾ. ਮੋਹਨ ਲਾਲ ਸ਼ਰਮਾ**

ਹੈ ਪਰ 5 ਸੂਬਿਆਂ ਦੀ ਵਿੱਤੀ ਹਾਲਤ ਪਹਿਲਾਂ ਤੋਂ ਕਾਫੀ ਖਰਾਬ ਹੈ। ਅਜਿਹੇ 'ਚ ਮੁਫਤ ਦਾ ਐਲਾਨ ਕਰਨ ਵਾਲੀਆਂ ਵੱਖ-ਵੱਖ ਸਿਆਸੀ ਪਾਰਟੀਆਂ ਸਰਕਾਰ ਬਣਾਉਣ ਦੇ ਬਾਅਦ ਆਮਦਨ ਦੇ ਸਾਧਨ ਕਿੱਥੋਂ ਪੈਦਾ ਕਰਨਗੀਆਂ? ਇਨ੍ਹਾਂ ਸਾਰੀਆਂ ਗੱਲਾਂ ਦਾ ਖੁਲਾਸਾ ਵੀ ਐਲਾਨ ਪੱਤਰਾਂ 'ਚ ਸ਼ਾਮਲ ਹੋਣਾ ਚਾਹੀਦਾ ਹੈ।

ਭਾਰਤੀ ਰਿਜ਼ਰਵ ਬੈਂਕ ਦੀ ਹਾਲ ਹੀ 'ਚ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਸਪੱਸ਼ਟ ਚਿਤਾਵਨੀ ਹੈ ਕਿ ਆਉਣ ਵਾਲੇ 7 ਸਾਲਾਂ ਅੰਦਰ ਉੱਤਰ ਪ੍ਰਦੇਸ਼ ਨੂੰ ਆਪਣੇ ਕਬਜ਼ੇ ਦਾ 48 ਫੀਸਦੀ, ਉੱਤਰਖੰਡ ਨੂੰ 57.8 ਫੀਸਦੀ, ਪੰਜਾਬ ਨੂੰ 43 ਫੀਸਦੀ, ਗੋਆ ਨੂੰ 58 ਫੀਸਦੀ ਅਤੇ ਮਣੀਪੁਰ ਨੂੰ 43 ਫੀਸਦੀ ਦਾ ਭੁਗਤਾਨ ਕਰ ਦੇਣਾ ਚਾਹੀਦਾ ਹੈ। ਜੇਕਰ ਸੀਮਤ ਸਮੇਂ 'ਤੇ ਭੁਗਤਾਨ ਨਾ ਕੀਤਾ ਗਿਆ ਤਾਂ ਇਨ੍ਹਾਂ ਸੂਬਿਆਂ 'ਤੇ ਵਿਆਜ ਦੀਆਂ ਦਰਾਂ ਇੰਨੀਆਂ ਵੱਧ ਹੋਣਗੀਆਂ ਕਿ ਜ਼ਰੂਰੀ ਸੇਵਾਵਾਂ ਅਤੇ ਮੁੱਢਲੇ ਵਿਕਾਸ ਵੀ ਛਹਿ-ਢੇਰੀ ਹੋ ਜਾਣਗੇ।

ਸਿਰਫ ਚਿੱਟੀ ਟੋਪੀ-ਕੁਰਤਾ ਦੇਖ ਕੇ ਆਪਣਾ ਨੇਤਾ ਨਾ ਚੁਣੋ ਸਗੋਂ ਅਜਿਹੇ ਨੇਤਾ ਦੀ ਚੋਣ ਕਰੋ, ਜੋ ਸੁੱਖ-ਦੁਖ 'ਚ ਜਨਤਾ ਦੇ ਨਾਲ ਰਹੇ, ਜੋ ਪੜ੍ਹਿਆ-ਲਿਖਿਆ, ਇਮਾਨਦਾਰ ਅਤੇ ਸਦਾਚਾਰੀ ਹੋਵੇ, ਜੋ ਜਨਤਾ ਦੀਆਂ ਲੋੜਾਂ ਨੂੰ ਸਮਝੇ ਅਤੇ ਉਨ੍ਹਾਂ ਦੀ ਹਰ ਸੰਭਵ ਸੇਵਾ ਕਰੇ।




ਸਿਰਫ ਚੋਣਾਂ ਦੇ ਵੇਲੇ ਹੀ ਜਨਤਾ ਦਰਮਿਆਨ ਨਾ ਹੋਵੇ ਸਗੋਂ ਨੇਤਾ ਅਜਿਹਾ ਹੋਵੇ ਜੋ ਸਿਰਫ ਮੁਫਤ ਦੇ ਐਲਾਨ ਪੱਤਰਾਂ ਦਾ ਵਾਚਨ ਹੀ ਨਾ ਕਰੇ, ਸਗੋਂ ਸੂਬੇ ਦੇ ਨਾਗਰਿਕਾਂ ਲਈ ਹਰ ਸੰਭਵ ਸਹੂਲਤ ਮੁਹੱਈਆ ਕਰ ਕੇ ਸੂਬੇ ਨੂੰ ਕਰਜ਼ਾ ਮੁਕਤ ਕਰੇ। ਸੂਬੇ ਦੇ ਸਾਰੇ ਨਾਗਰਿਕਾਂ ਨੂੰ ਇਸ ਸਮੇਂ ਜਾਗਰੂਕ ਹੋ ਕੇ ਬਿਨਾਂ ਕਿਸੇ ਵਿਤਕਰੇ ਦੇ ਨਿਰਪੱਖ ਵੋਟ ਪਾਉਣੀ ਚਾਹੀਦੀ ਹੈ। ਜੋ ਸੂਬਾ ਹਿੱਤ 'ਚ ਸਮਰਪਿਤ ਹੋਵੇ ਅਤੇ ਸੂਬੇ ਨੂੰ ਵਿਕਸਤ ਕਰਨ 'ਚ ਮਦਦਗਾਰ ਹੋਵੇ।

ਇਸ ਸਮੇਂ ਸੂਬੇ ਦੇ ਹਿਤ 'ਚ ਪੂਰੀ ਜ਼ਿੰਮੇਵਾਰੀ ਦੇ ਨਾਲ ਆਪਣੀ ਵੋਟ ਜ਼ਰੂਰ ਪਾਓ ਤਾਂ ਕਿ ਸੂਬਾ ਦੇਸ਼ ਦਾ ਖੁਸ਼ਹਾਲ ਸੂਬਾ ਬਣ ਸਕੇ ਅਤੇ ਦੂਸਰੇ ਸੂਬਿਆਂ ਦਾ ਪ੍ਰੇਰਕ ਵੀ ਬਣ ਸਕੇ। ਮੌਜੂਦਾ ਸਮੇਂ 'ਚ ਸਾਰੇ ਚੋਣ ਸੂਬਿਆਂ ਦੇ ਸਾਰੇ ਜ਼ਿੰਮੇਵਾਰ ਨਾਗਰਿਕਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੂਝ-ਬੂਝ ਨਾਲ ਵੋਟ ਜ਼ਰੂਰ ਪਾਉਣ ਜਿਸ ਨਾਲ ਸਾਨੂੰ ਇਕ ਪੜ੍ਹਿਆ-ਲਿਖਿਆ ਤੇ ਜ਼ਿੰਮੇਵਾਰ ਨੇਤਾ ਮਿਲ ਸਕੇ ਅਤੇ ਸੂਬੇ ਦੇ ਵਿਕਾਸ 'ਚ ਆਪਣਾ ਅਨਮੋਲ ਯੋਗਦਾਨ ਪਾ ਸਕੇ। ਧਿਆਨ ਰੱਖੋ ਕਿ ਤੁਹਾਡੀ ਅਨਮੋਲ ਵੋਟ ਪਾਉਣੀ ਪੂਰੇ ਸੂਬੇ ਦੇ ਸੁਖਾਵੇਂ ਭਵਿੱਖ ਦਾ ਕਾਰਕ ਬਣ ਸਕਦੀ ਹੈ।


**drmlsharma5@gmail.com**



ਜਗ ਬਾਣੀ JAG BANI

Vol 2 Issue 356 **Ludhiana**, R.N.I. registration number AF
**Jalandhr Head office** :0181- 2280104/7,5067200/1.
**Toll Free No.** : 18001371800
**Fax** : 0181-2280111/114, 5063750, 5030036
**Advt.** : 0181-5067263, 5067253
**advt@punjabkesari.in,news@thepunjabkesari.com**
**Circulation** : 98151-65655, 0181-5067251
**Ludhiana Office** :0161- 5092200, 5092202, 5092203, 5092204.
**Fax Ludhiana** : 0161-5092201/2.
Published & Printed for the Proprietor The Hind Samachar Limited, Civil Lines, Jalandhar, by Mr. R.S. Jolly Printed by Jagat Vijay Printers, B-71, Phase-VIII, Industrial Focal Point, Ludhiana and Published form 26-A, Sarabha Nagar, Ludhiana. Editor : Mr. R.S. Jolly
* (Editor responsible for selection of news under P.R.B. Act.)


CMYK